


www.PunjabiLibrary.com

# ਉੱਲੂ

ਕਹਾਣੀਆਂ ਸਿਰਫ ਕਹਾਣੀਆਂ ਨਹੀਂ ਹੁੰਦੀਆਂ ਦਰਅਸਲ ਉਹ ਲੇਖਕ ਦੀ ਜ਼ਿੰਦਗੀ ਚ' ਹੋਈਆਂ ਕੁੱਝ ਘਟਨਾਵਾਂ, ਆਸ ਪਾਸ ਦੇ ਮਾਹੌਲ ਨੂੰ ਮੁੱਖ ਰੱਖ ਕੇ ਲਿਖੀਆਂ ਗਈਆਂ ਭਾਵਨਾਵਾਂ ਹੁੰਦੀਆਂ ਹੋ ਸਕਦੀਆਂ ਨੇ। ਇਹ ਕਹਾਣੀ ਵੀ ਕੁੱਝ ਇਹੋ ਜਿਹੇ ਹਾਲਤਾਂ ਦਾ ਨਿਚੋੜ ਹੈ।

ਇੱਕ ਹੰਸ ਤੇ ਹੰਸਨੀ ਮੌਸਮ ਦੇ ਬਦਲਾਵ ਤੋਂ ਬਾਅਦ ਆਪਣੇ ਘਰ ਵਾਪਿਸ ਪਰਤ ਰਹੇ ਸਨ। ਅਕਸਰ ਹੀ ਪੰਛੀ, ਜੰਗਲੀ ਜਾਨਵਰ, ਇਥੋਂ ਤੱਕ ਕਿ ਇਨਸਾਨ ਵੀ ਆਪਣਾ ਘਰ ਛੱਡ ਕੇ ਪਰਾਏ ਮੁਲਖ਼ ਜਾ ਵੜਦੇ ਨੇ।ਹਰ ਕਿਸੇ ਦੇ ਆਪਣੇ ਨਿੱਜੀ ਫੈਂਸਲੇ ਹੁੰਦੇ ਨੇ। ਕੋਈ ਦੁੱਖ ਨੂੰ ਜਾਂਦਾ ਹੈ ਤਾਂ ਕੋਈ ਸੁੱਖ ਨੂੰ।

ਓਵੇਂ ਹੀ ਹੰਸ ਤੇ ਹੰਸਨੀ ਭੁੱਖ ਦੀ ਮਾਰ ਤੋਂ ਬਚਨ ਲਈ ਆਪਣਾ ਦੇਸ਼ ਛੱਡ ਕੇ ਪਰਾਏ ਦੇਸ਼ ਗਏ ਸੀ। ਵਾਪਿਸ ਆਉਂਦਿਆਂ ਉਹ ਕੁੱਝ ਵਖ਼ਤ ਆਰਾਮ ਕਾਰਨ ਲਈ ਇੱਕ ਸੰਘਣੇ ਪਿੱਲਕਣ ਦੇ ਟਾਹਣੇ ਤੇ ਬੈਠ ਗਏ। ਆਸੇ ਪਾਸੇ ਹੋਰ ਵੀ ਰੁੱਖ ਸਨ ਪਰ ਉਹਨਾਂ ਨੂੰ ਪਿੱਲਕਣ ਦੀ ਛਾਂ ਸੰਘਣੀ ਤੇ ਠੰਡੀ ਲੱਗਣ ਕਾਰਨ ਉਹ ਐਥੇ ਆ ਬਿਰਾਜਮਾਨ ਹੋਏ । ਓਸੇ ਹੀ ਰੁੱਖ ਤੇ ਕੁੱਝ ਹੋਰ ਪੰਛੀ ਸੀ ਸਨ । ਇੱਕ ਟਾਹਣੇ ਤੇ ਇੱਕ ਉੱਲੂ ਬੈਠਾ ਸੀ । ਹੰਸ ਤੇ ਹੰਸਨੀ ਆਪਣੀਆਂ ਗੱਲਾਂ ਵਿੱਚ ਰੁੱਝੇ ਹੋਏ ਸਨ ਕਿ ਅਚਾਨਕ ਹੰਸਨੀ ਦੀ ਨਜ਼ਰ ਉੱਲੂ ਉੱਪਰ ਪਈ । ਉੱਲੂ ਨੂੰ ਦੇਖ ਕੇ ਹੰਸਨੀ ਦੇ ਮਨ ਚ' ਵਿਚਾਰ ਆਈ ਤੇ ਹੰਸ ਨਾਲ ਗੱਲ ਬਾਤ ਕਰਨ ਲੱਗ ਪਈ ...

ਹੰਸਨੀ - ਸੁਣੋ ਜੀ, ਮੈਂ ਸੁਣਿਆ ਹੈ ਜਿਹੜੇ ਘਰ ਉੱਲੂ ਬੈਠ ਜਾਵੇ ਉਹ ਘਰ ਉੱਜੜ ਜਾਂਦੇ ਨੇ ?

ਹੰਸ - ਸੁਣਿਆ ਤਾਂ ਮੈਂ ਵੀ ਇਹੀ ਹੈ, ਤਦੇ ਤਾਂ ਕੋਈ ਉੱਲੂ ਦੀ ਕੋਈ ਬਾਹਲੀ ਇੱਜ਼ਤ ਨਹੀਂ ਕਰਦਾ। ਸਾਰੇ ਹੀ ਇਸ ਨੂੰ ਆਪਣੇ ਘਰ ਤੋਂ ਦੂਰ ਰੱਖਣਾ ਚਾਹੁੰਦੇ ਨੇ । ਉਹ ਦੇਖ ਲਈ ਤਦੇ ਇੱਕਲਾ ਹੀ ਬੈਠਾ ਈ।

ਹੰਸਨੀ - ਚਲੋ ਆਪਾ ਕਿਸੇ ਹੋਰ ਰੁੱਖ ਤੇ ਬੈਠਦੇ ਆ, ਇਸ ਦੀ ਬਦ-ਸਗਨੀ ਆਪਾ ਨੂੰ ਹੀ ਨਾ ਲੱਗ ਜਾਵੇ।

ਉੱਲੂ ਇਹ ਸਭ ਗੱਲਾਂ ਸੁਣ ਰਿਹਾ ਸੀ, ਉਹ ਹੈਰਾਨ ਸੀ ਉਸ ਬਾਰੇ ਲੋਕਾਂ ਦੀ ਇਸ ਸੋਚ ਦੇ, ਕਿ ਲੋਕ ਕਿੰਨੀਆਂ ਅਫ਼ਵਾਵਾਂ ਤੇ ਜ਼ਕੀਨ ਕਰਦੇ ਨੇ ਚਾਹੇ ਉਹ ਕਿੰਨੀਆਂ ਵੀ ਝੂਠੀਆਂ ਕਿਉਂ ਨਾ ਹੋਣ । ਉਸ ਨੇ ਪ੍ਰਣ ਕੀਤਾ ਕੇ ਅੱਜ ਇਸ ਹੰਸ ਤੇ ਹੰਸਨੀ ਨੂੰ ਸਬਕ ਜ਼ਰੂਰ ਸਿਖਾਵੇਗਾ । ਜਦੋ ਹੰਸ ਤੇ ਹੰਸਨੀ ਉੱਡ ਕੇ ਜਾਣ ਲੱਗੇ ਤੇ ਉੱਲੂ ਉਹਨਾਂ ਦੇ ਮੂਹਰੇ ਆ ਖਲੋਇਆ ।



www.PunjabiLibrary.com

ਉੱਲੂ - ਓ .. ਕਿੱਧਰ ਭਾਈ।

ਹੰਸ ਤੇ ਹੰਸਨੀ ਹੈਰਾਨ ਸਨ ਉੱਲੂ ਦੀ ਇਸ ਹਰਕਤ ਤੇ ।

ਹੰਸ - ਕੀਤੇ ਨੀ ਭਾਈ ਆਪਣੇ ਘਰ ਚੱਲੇ ਆ ।

ਉੱਲੂ - ਜਾ ਜੀ ਸਦਕੇ ਜਾ, ਪਰ ਇਕੱਲਾ ਜਾ, ਮੇਰੀ ਘਰਵਾਲੀ ਨੂੰ ਕਿੱਧਰ ਲਈ ਚੱਲਿਆ ਏ ।

ਹੰਸ - ਤੇਰੀ ਘਰਵਾਲੀ (ਹੈਰਾਨ ਹੋ ਕੇ)! ਕੌਣ ਤੇਰੀ ਘਰਵਾਲੀ ?

ਉੱਲੂ - ਹਾ ਜਿਹਨੂੰ ਨਾਲ ਲਈ ਚੱਲਾ ਤੂੰ (ਰੋਹਬ ਨਾਲ ) ।

ਹੰਸ - ਉਹ ਭਾਈ ਇਹ ਤਾਂ ਮੇਰੀ ਤੀਵੀਂ ਆ।

ਹੰਸਨੀ ਨੇ ਵੀ ਹਾਮੀ ਭਰੀ ਹਾਂ ਮੈਂ ਤਾਂ ਇਸ ਦੀ ਤੀਵੀਂ ਆ। ਪਰ ਉੱਲੂ ਨਾ ਮੰਨਿਆ ਤੇ ਰੌਲਾ ਵਧਣ ਲੱਗ ਪਿਆ। ਉਹਨਾਂ ਦਾ ਝਗੜਾ ਦੇਖ ਕੇ ਬਾਕੀ ਪੰਛੀ ਵੀ ਉਹਨਾਂ ਕੋਲ ਆ ਗਏ । ਕਾਫੀ ਦੇਰ ਤੱਕ ਬਹਿਸਬਾਜ਼ੀ ਹੁੰਦੀ ਰਹੀ । ਹੰਸ ਨੇ ਆਖਿਆ ...

ਹੰਸ - ਭਲਾ ਕੋਈ ਇਹ ਦੱਸੇ ਕੇ ਇੱਕ ਹੰਸਨੀ ਉੱਲੂ ਦੀ ਘਰਵਾਲੀ ਕਿਵੇਂ ਹੋਈ।

ਸਾਰੇ ਇਸ ਗੱਲ ਤੇ ਹੈਰਾਨ ਵੀ ਸਨ ।

ਉੱਲੂ - ਉਹ ਮੈਨੂੰ ਨੀ ਪਤਾ ਇਹ ਹੰਸਨੀ ਮੇਰੀ ਘਰਵਾਲੀ ਆ। ਜੇ ਤੈਨੂੰ ਕੋਈ ਸ਼ੱਕ ਹੈ ਤਾਂ ਆਪਾ ਪੰਚਾਇਤ ਕੋਲ ਚਲਦੇ ਆ ।

ਹੰਸ ਪੰਚਾਇਤ ਕੋਲ ਜਾਣ ਲਈ ਤਿਆਰ ਹੋ ਗਿਆ, ਕਿਉਂਕਿ ਉਹ ਜਾਣਦਾ ਸੀ ਕਿ ਹੰਸਨੀ ਉਸ ਦੀ ਹੀ ਪਤਨੀ ਹੈ, ਤੇ ਪੰਚਾਇਤ ਇਸ ਗੱਲ ਤੋਂ ਮੁੱਕਰ ਨਹੀਂ ਸਕਦੀ। ਹੰਸ, ਹੰਸਨੀ ਤੇ ਉੱਲੂ ਸਮੇਤ ਬਾਕੀ ਸਾਰੇ ਪੰਛੀ ਵੀ ਫੈਂਸਲਾ ਸੁਨਣ ਲਈ ਪੰਚਾਇਤ ਵੱਲ ਨੂੰ ਤੁਰ ਪਏ।

ਹੰਸਨੀ ਬਹੁਤ ਹੀ ਖੂਬਸੂਰਤ ਸੀ। ਉਸ ਦੇ ਹੁਸਨ ਦਾ ਕੋਈ ਅੰਤ ਨਹੀਂ ਸੀ। ਉਂਝ ਹੰਸ ਵੀ ਹੰਸਨੀ ਨਾਲੋਂ ਘੱਟ ਨਹੀਂ ਸੀ, ਭਾਂਵੇ ਉਹ ਹੰਸਨੀ ਨਾਲੋਂ ਦੋ ਰੱਤੀਆਂ ਵੱਧ ਹੀ ਹੋਵੇ ਪਰ ਮਨੁੱਖੀ ਵਿਹਾਰ ਅਨੁਸਾਰ ਇਸਤਰੀ ਦੇ ਹੁਸਨ ਨੂੰ ਜਿਆਦਾ ਤਜਵੀਜ ਦਿੱਤੀ ਜਾਂਦੀ ਹੈ। ਓਵੇਂ ਹੀ ਪੰਛੀਆਂ ਤੇ ਬਾਕੀ ਜਾਨਵਰਾਂ ਵਿਚ ਵੀ ਇਸਤਰੀ ਦੇ ਹੁਸਨ ਨੂੰ ਪਹਿਲ ਹੈ। ਦੁਨੀਆਂ ਵਿਚ

ਜ਼ਿਆਦਾਤਰ ਯੁੱਧਾ ਦਾ ਕਾਰਨ ਇਸਤਰੀ ਹੀ ਰਹੀ ਹੈ ਚਾਹੇ ਉਹ ਮਹਾਨ ਯੁੱਧ ਮਹਾਭਾਰਤ ਹੋਵੇ, ਜਾਂ ਰਾਮਾਇਣ, ਜਾਂ ਟਰੋਇ ਜਾਂ ਕਈ ਹੋਰ ਯੁੱਧ।

ਸਾਰੇ ਗੱਲਾਂ ਕਰਦੇ ਪੰਚਾਇਤ ਕੋਲ ਜਾ ਪੁੱਜੇ। ਪੰਚਾਇਤ ਵਿਚ ਕਾਂ, ਤੋਤਾ, ਬਿਜੜਾ ਤੇ ਸਰਪੰਚ ਚੱਕੀ ਚਕੀਹਰਾ ਸੀ। ਪੰਚਾਇਤ ਵਿਚ ਹੋਰ ਵੀ ਕਈ ਪੰਛੀ ਸਨ। ਗੱਲ ਬਾਤ ਸ਼ੁਰੂ ਹੋਣ ਲੱਗ ਪਈ। ਸਰਪੰਚ ਨੇ ਕਿਹਾ ...

ਸਰਪੰਚ - ਹਾਂ ਭਾਈ .. ਕੀ ਗੱਲ ਹੈ ਅੱਜ ਕਿੱਧਰ ਸਾਰੇ ਇਕੱਠੇ ਹੋ ਕੇ ਤੁਰੇ ਆਉਂਦੇ ਹੋ ?

ਹੰਸ ਨੇ ਨਮਸ਼ਕਾਰ ਕੀਤੀ ਤੇ ਆਪਣਾ ਦੁੱਖ ਸੁਣਾਉਣ ਲੱਗ ਪਿਆ...

ਹੰਸ - ਸਰਪੰਚ ਜੀ, ਅਸੀਂ ਮੁਸਾਫ਼ਰ ਹਾਂ, ਅਨਾਜ ਦੀ ਭਾਲ ਵਿਚ ਘਰੋਂ ਨਿਕਲੇ ਸੀ, ਵਾਪਿਸ ਆਉਂਦੇ ਆਰਾਮ ਕਰਨ ਲਈ ਰੁਕੇ ਤਾਂ ਇਹ ਉੱਲੂ ਮੇਰੀ ਤੀਵੀਂ ਨੂੰ ਆਪਣੀ ਤੀਵੀਂ ਦੱਸਣ ਲੱਗ ਪਿਆ।

ਸਰਪੰਚ ਨੇ ਪਹਿਲਾਂ ਉੱਲੂ ਵੱਲ ਦੇਖਿਆ ਤੇ ਫਿਰ ਹੰਸਨੀ ਵੱਲ, ਹੰਸਨੀ ਦੀ ਖ਼ੂਬਸੂਰਤੀ ਦੇਖ ਕੇ ਉਹ ਦੰਗ ਰਹਿ ਗਿਆ। ਬਾਕੀ ਵੀ ਹੰਸਨੀ ਵੱਲ ਦੇਖ ਕੇ ਹੈਰਾਨ ਹੋ ਗਏ। ਹੰਸਨੀ ਵਾਕਿਆ ਹੀ ਬਹੁਤ ਖ਼ੂਬਸੂਰਤ ਸੀ। ਕਿਸੇ ਦੀ ਵੀ ਨਜ਼ਰ ਉਸ ਤੋਂ ਹੱਟ ਨਹੀਂ ਸੀ ਰਹੀ। ਫਿਰ ਉੱਲੂ ਬੋਲਿਆ ..

ਉੱਲੂ - ਸਰਪੰਚ ਸਾਬ ਇਹ ਮੇਰੀ ਘਰਵਾਲੀ ਹੈ, ਇਹ ਹੰਸ ਪਤਾ ਨਹੀਂ ਕਿਵੇਂ ਇਸ ਨੂੰ ਆਪਣੀ ਕਹੀ ਜਾਂਦਾ। ਇਹ ਤਾਂ ਸਗੋਂ ਮੇਰੇ ਕੋਲੋਂ ਮੇਰੀ ਘਰਵਾਲੀ ਨੂੰ ਖੋ ਕੇ ਲਈ ਜਾਂਦਾ।

ਕਾਂ - ਸਾਨੂੰ ਤੇਰੀ ਗੱਲ ਸਮਝ ਨਹੀਂ ਲੱਗੀ ਜਰਾ ਖੁੱਲ ਕੇ ਸਮਝਾ ।

ਬਾਕੀਆਂ ਨੇ ਵੀ ਕਾਂ ਦੀ ਗੱਲ ਵਿਚ ਹੁੰਗਾਰਾ ਭਰਿਆ । ਬੱਸ ਉਹ ਸਾਰੇ ਹੰਸਨੀ ਦੇ ਹੁਸਨ ਨੂੰ ਟਕੋ-ਟਕ ਦੇਖੀ ਜਾ ਰਹੇ ਸਨ । ਉੱਲੂ ਸਮਝਾਉਣ ਲੱਗ ਪਿਆ ..

ਉੱਲੂ - ਮੈਂ ਤੇ ਮੇਰੀ ਘਰਵਾਲੀ ਕਿਸੇ ਗੱਲ ਤੋਂ ਝਗੜ ਰਹੇ ਸੀ, ਦਰਅਸਲ ਇਹ ਮੇਰੇ ਨਾਲ ਕਿਸੇ ਗੱਲ ਤੋਂ ਨਾਰਾਜ਼ ਸੀ ਤੇ ਮੈਂ ਇਸ ਨੂੰ ਮਨਾ ਰਿਹਾ ਸੀ ਤੇ ਇਹ ਹੰਸ ਸਾਨੂੰ ਦੇਖ ਰਹਾ ਸੀ, ਇਸ ਨੇ ਸਾਡੇ ਝਗੜੇ ਦਾ ਫਾਇਦਾ ਚੁੱਕ ਲਿਆ ਤੇ ਆ ਕੇ ਆਪਣੇ ਹੱਕ ਜਤਾਉਣ ਲੱਗ ਪਿਆ । ਤੇ ਮੇਰੀ ਘਰਵਾਲੀ ਮੇਰੇ ਨਾਲ ਨਰਾਜ਼ ਹੋਣ ਕਰਕੇ ਇਸ ਦਾ ਪੱਖ ਲੈਣ ਲੱਗ ਪਈ।

ਉੱਲੂ ਨੇ ਇੱਕ ਨਵੀਂ ਚਾਲ ਖੇਡ ਲਈ ਸੀ, ਹੰਸਨੀ ਨੂੰ ਆਪਣੀ ਘਰਵਾਲੀ ਸਾਬਿਤ ਕਰਨ ਲਈ ਉਹ ਇੱਕ ਨਵੀਂ ਕਹਾਣੀ ਸਭ ਸਾਹਮਣੇ ਲੈ ਆਇਆ ਸੀ। ਉਸ ਨੇ ਦੋ ਗਵਾਹ ਤਿਆਰ ਕਰ ਲਏ ਸਨ ਇੱਕ ਕਬੂਤਰ ਤੇ ਇੱਕ ਮਾਦਾ ਬਟੇਰ। ਓਹਨਾ ਉੱਲੂ ਦਾ ਪੱਖ ਲੈਂਦਿਆਂ ਉੱਲੂ ਦੀ ਹਾਂ ਵਿੱਚ ਹਾਂ ਦੀ ਗਵਾਹੀ ਭਰੀ।

ਸਭ ਨੂੰ ਪਤਾ ਸੀ ਕੇ ਉੱਲੂ ਸਰਾ-ਸਰ ਝੂਠ ਬੋਲ ਰਹਾ ਹੈ ਪਰ ਫਿਰ ਵੀ ਉਹ ਹੰਸ ਦਾ ਪੱਖ ਨਹੀਂ ਸੀ ਲੈ ਰਹੇ। ਸਰਪੰਚ ਨੇ ਹੰਸ ਨੂੰ ਕਿਹਾ ..

ਸਰਪੰਚ - ਹਾਂ ਭਾਈ .. ਹੰਸਾ ਤੂੰ ਕੀ ਕਹਿਣਾ ਏ ?

ਹੰਸ ਵਿਚਾਰਾ ਕੀ ਆਖਦਾ ਅੰਤ ਉਹ ਬੋਲਿਆ..

ਹੰਸ - ਭਲਾ ਇਸ ਨੂੰ ਇਹ ਪੁੱਛੋ ਕਿ ਇੱਕ ਉੱਲੂ ਦੀ ਤੀਵੀਂ ਹੰਸਨੀ ਕਿਵੇਂ ਹੋਈ ।

ਇਹ ਸਵਾਲ ਸਾਰੀਆਂ ਗਵਾਹੀਆਂ ਨੂੰ ਰੱਧ ਕਰਨ ਵਾਲਾ ਸੀ , ਤੇ ਸਰਪੰਚ ਤੇ ਨਿਰਣਾ ਹੰਸ ਦੇ ਪੱਖ ਵਿੱਚ ਦੇਣਾ ਬਹਿਤਰ ਸਮਝਿਆ । ਉਹ ਬੋਲਣ ਹੀ ਲੱਗਾ ਸੀ ਕਿ ਕਾਂ ਸਰਪੰਚ ਦੇ ਵੱਖੀ ਚ' ਕੂਹਣੀ ਕੱਢ ਮਾਰੀ । ਸਰਪੰਚ ਜੋ ਕਿ ਇੱਕ ਚੱਕੀ ਚਕੀਹਰਾ ਸੀ। ਕਾਂ ਨੇ ਉਸ ਨੂੰ ਆਖਿਆ ..

ਕਾਂ - ਓ ਮਾਮਾ ਕੀ ਆਖਣ ਲੱਗਾ ਵਾ, ਕਿਤੇ ਹੰਸ ਦੇ ਪੱਖ ਚ' ਨਾ ਫੈਂਸਲਾ ਕਰ ਦਵੀਂ ਉਸ ਚ' ਆਪਣਾ ਕੀ ਫਾਇਦਾ । ਓਧਰ ਦੇਖ ਹੰਸਨੀ ਕਿੰਨੀ ਸੋਹਣੀ ਆ । ਸਫ਼ੇਦ ਦੁੱਧ ਵਰਗਾ ਤਨ, ਸੁਰਾਹੀ ਵਰਗੀ ਧੋਣ ਹਰ ਨੈਣ ਨਕਸ਼ ਕਿੰਨੇ ਸੋਹਣੇ ਆ । ਇਸ ਵਰਗੀ ਤਾਂ ਆਪਣੇ ਇਲਾਕੇ ਚ' ਕੋਈ ਨਹੀਂ ਆ । ਜੇ ਤੂੰ ਫੈਂਸਲਾ ਉੱਲੂ ਦੇ ਹੱਕ ਚ' ਕਰੇਗਾ ਤਾਂ ਹੰਸਨੀ ਐਥੇ ਰਹੂ, ਘੱਟੋ-ਘੱਟ ਰੋਜ ਉਸ ਨੂੰ ਦੇਖਿਆ ਤਾਂ ਕਰਾਂਗੇ । ਅਗਰ ਫੈਂਸਲਾ ਹੰਸ ਦੇ ਹੱਕ ਚ' ਕਰ ਦਿੱਤਾ ਤਾਂ ਹੰਸ ਨੇ ਹੰਸਨੀ ਨਾਲ ਉੱਡ ਜਾਣਾ ਈ ।

ਸਰਪੰਚ ਨੇ ਸੋਚ ਵਿਚਾਰ ਕੀਤੀ ਤੇ ਫੈਂਸਲਾ ਉੱਲੂ ਦੇ ਹੱਕ ਚ' ਕਰਨਾ ਬਹਿਤਰ ਸਮਝਿਆ ।

ਸਰਪੰਚ - ਭਾਈ .. ਇਹ ਘਰਵਾਲੀ ਤਾਂ ਉੱਲੂ ਦੀ ਹੈ ਇਹ ਉਸ ਨੇ ਸਾਬਿਤ ਕੀਤਾ ਹੈ। ਅਗਰ ਹੰਸ ਭਾਈ ਤੇਰੇ ਕੋਲ ਕੋਈ ਗਵਾਹ ਹੈ ਤਾਂ ਦੱਸ ।

ਹੰਸ ਦੇ ਪੱਖ ਚ ਕੋਈ ਗਵਾਹੀ ਨਹੀਂ ਸੀ ਦੇਣਾ ਚਾਹੁੰਦਾ, ਸਾਰੇ ਉੱਲੂ ਦਾ ਹੀ ਪੱਖ ਲੈ ਰਹੇ ਸਨ । ਕਿਉਂਕਿ ਕੋਈ ਵੀ ਨਹੀਂ ਸੀ ਚਾਹੁੰਦਾ ਕਿ ਹੰਸਨੀ ਐਥੋਂ ਜਾਵੇ । ਅੰਤ ਫੈਂਸਲਾ ਉੱਲੂ ਦੇ ਹੱਕ ਵਿੱਚ ਹੋਇਆ ।


www.PunjabiLibrary.com

ਹੰਸ ਵਿਚਾਰਾ ਕੀ ਕਰਦਾ ਉਸ ਨੂੰ ਪੰਚਾਇਤ ਦਾ ਫੈਂਸਲਾ ਗਲਤ ਤਾਂ ਲੱਗਾ ਪਰ ਉਹ ਕਰ ਕੁਝ ਨਹੀਂ ਸੀ ਸਕਦਾ। ਅੰਤ ਹਰ ਉਹ ਓਥੋਂ ਤੁਰ ਪਿਆ। ਸਾਰੀ ਪੰਚਾਇਤ ਖੁਸ਼ ਸੀ ਕਿਉਂਕਿ ਹੰਸਨੀ ਜੋ ਨਾਲ ਨਹੀਂ ਸੀ ਜਾ ਰਹੀ। ਉੱਲੂ ਵੀ ਖੁਸ਼ ਸੀ। ਉਸ ਨੇ ਹੰਸ ਨੂੰ ਸਬਕ ਜੋ ਸਿਖਾ ਦਿੱਤਾ ਸੀ। ਜਦੋ ਹੰਸ ਕੁੱਝ ਕੋ ਦੂਰ ਗਿਆ ਤਾਂ ਉੱਲੂ ਨੇ ਹੰਸ ਨੂੰ ਪਿੱਛੋਂ ਆਵਾਜ਼ ਮਾਰੀ ...

ਉੱਲੂ - ਓ .... ਹੰਸਾ .... ਕਿੱਧਰ ਚਲਿਆ ਵਾ ? ਆਪਣੀ ਘਰਵਾਲੀ ਤਾਂ ਨਾਲ ਲੈ ਜਾ (ਉੱਚੀ ਆਵਾਜ਼ ਮਾਰ ਕੇ)।

ਹੰਸ ਪਿੱਛੇ ਮੁੜਿਆ ਤਾਂ ਉੱਲੂ ਉਸ ਨੂੰ ਬੁਲਾ ਰਹਾ ਸੀ। ਉਹ ਵਾਪਿਸ ਆਇਆ ਤਾਂ ਉੱਲੂ ਦੀ ਇਸ ਸ਼ੇਰਦਿਲੀ ਲਈ ਹੈਰਾਨ ਸੀ। ਕਿਉਂਕਿ ਜਿਸ ਹੰਸਨੀ ਨੂੰ ਉਸ ਨੇ ਆਪਣੀ ਤੀਵੀਂ ਸਾਬਿਤ ਕਰਨ ਲੈ ਜ਼ੋਰ ਲਾਉਣ ਚ' ਕੋਈ ਕਸਰ ਨਹੀਂ ਸੀ ਛੱਡੀ ਉਹ ਉਸ ਨੂੰ ਓਵੇਂ ਹੀ ਵਾਪਿਸ ਕਰ ਰਹਾ ਸੀ।

ਉੱਲੂ - ਓ ਕਿੱਧਰ ਚੱਲਿਆ ਏ .... ਆਪਣੀ ਘਰਵਾਲੀ ਨੀ ਨਾਲ ਲੈ ਕੇ ਜਾਣੀ ?

ਹੰਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉੱਲੂ ਨੇ ਉਸ ਸੰਭਲਣ ਲਈ ਕਿਹਾ।

ਉੱਲੂ - ਭਰਾ ਮੈਂ ਤੇਰਾ ਦੋਖੀ ਨਹੀਂ ਹਾਂ, ਇਹ ਸਭ ਮੈਂ ਤੇਨੂੰ ਇਹ ਸਮਝਾਉਣ ਲਈ ਕੀਤਾ ਕਿ ਉੱਲੂ ਨਹੀਂ ਲੋਕਾਂ ਦੇ ਘਰ ਉਜਾੜਦੇ। ਘਰ ਉਜਾੜਦੀਆਂ ਨੇ ਇਹੋ ਜਿਹੀਆਂ ਪੰਚਾਇਤਾਂ ਤੇ ਇਹ ਸਰਕਾਰਾਂ ਮੇਰੇ ਵਰਗੇ ਤਾਂ ਉਂਞ ਹੀ ਬਦਨਾਮ ਹੋ ਜਾਂਦੇ ਨੇ।

ਹੰਸ ਤੇ ਹੰਸਨੀ ਤੇ ਉੱਲੂ ਕੋਲੋਂ ਮਾਫ਼ੀ ਮੰਗੀ ਤੇ ਉਸ ਦਾ ਧੰਨਵਾਦ ਕੀਤਾ। ਹੰਸ ਹੰਸਨੀ ਨੂੰ ਲੈ ਕੇ ਓਥੋਂ ਉੱਡ ਗਿਆ। ਸਰਪੰਚ ਸਮੇਤ ਬਾਕੀ ਸਾਰੀ ਪੰਚਾਇਤ ਆਪਣੀ ਇਸ ਹਰਕਤ ਲਈ ਸ਼ਰਮਿੰਦਾ ਸੀ। ਉੱਲੂ ਵੀ ਓਹਨਾ ਕੋਲੋਂ ਉੱਡ ਗਿਆ।

**ਪ੍ਰੀਤ ਸਿੰਘ ਭੈਣੀ**